ਮਿਤੀ 01 ਦਸੰਬਰ ਐਤਵਾਰ 2024

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਨਟਾਰੀਓ

ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com



ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ

Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS

# ਭਾਰਤ ਦੀ ਸਖ਼ਤੀ ਅੱਗੇ ਝੁਕਿਆ ਕੈਨੇਡਾ, ਰਾਜਨੀਤਿਕ ਸ਼ਰਨ ਦੇਣ 'ਤੇ ਰੋਕ



ਕੈਨੇਡਾ 01 ਨਵੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਕੈਨੇਡਾ ਨੇ ਭਾਰਤ ਦੇ ਦਬਾਅ ਹੇਠ ਵੱਡਾ ਫੈਸਲਾ ਲਿਆ ਹੈ। ਹੁਣ ਕੈਨੇਡਾ ਵਿੱਚ ਰਾਜਨਿਤਿਕ ਸ਼ਰਨ ਲੈਣ ਦੀ ਨੀਤੀ ਬੰਦ ਕਰ ਦਿੱਤੀ ਗਈ ਹੈ। ਸ਼ਰਨਾਰਥੀਆਂ ਦੀਆਂ ਨਵੀਆਂ ਅਰਜ਼ੀਆਂ 29 ਨਵੰਬਰ ਤੋਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ। ਜਿਨ੍ਹਾਂ ਨੂੰ ਸ਼ਰਣ ਦਿੱਤੀ ਜਾਵੇਗੀ, ਉਨ੍ਹਾਂ ਦੀਆਂ ਅਰਜ਼ੀਆਂ ਦੀ ਸਖ਼ਤੀ ਨਾਲ ਜਾਂਚ ਕੀਤੀ ਜਾਵੇਗੀ। ਇਸ ਫੈਸਲੇ ਦਾ ਸਭ ਤੋਂ ਵੱਧ ਅਸਰ ਪੰਜਾਬ 'ਤੇ ਪਵੇਗਾ ਕਿਉਂਕਿ ਕੈਨੇਡਾ 'ਚ ਸਿਆਸੀ ਸ਼ਰਨ ਲੈਣ ਵਾਲਿਆਂ 'ਚ ਸਭ ਤੋਂ ਵੱਧ ਪੰਜਾਬ ਦੇ ਲੋਕ ਹਨ।

ਇਸ ਵੇਲੇ ਕੈਨੇਡਾ ਅਤੇ ਭਾਰਤ ਦੇ ਰਿਸ਼ਤੇ ਤਣਾਅਪੂਰਨ ਹਨ। ਹੁਣ ਭਾਰਤ ਦੇ ਦਬਾਅ ਅੱਗੇ ਝੁਕਦਿਆਂ ਕੈਨੇਡਾ ਨੇ ਅੰਨ੍ਹੇਵਾਹ ਰਾਜਨਿਤਿਕ ਸ਼ਰਨ ਦੇਣ ਦੀ ਨੀਤੀ ਨੂੰ ਖ਼ਤਮ ਕਰਨ ਦਾ ਐਲਾਨ ਕਰ ਦਿੱਤਾ ਹੈ।

ਕੈਨੇਡਾ ਨੇ ਕਿਹਾ ਹੈ ਕਿ 29 ਨਵੰਬਰ ਤੋਂ ਸ਼ਰਨਾਰਥੀਆਂ ਦੀਆਂ ਨਵੀਆਂ ਅਰਜ਼ੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ। ਜਿਨ੍ਹਾਂ ਨੂੰ ਸ਼ਰਨ ਦਿੱਤੀ ਜਾਵੇਗੀ, ਉਨ੍ਹਾਂ ਦੀਆਂ ਅਰਜ਼ੀਆਂ ਦੀ ਸਖ਼ਤੀ ਨਾਲ ਜਾਂਚ ਕੀਤੀ ਜਾਵੇਗੀ। ਭਾਰਤ ਸਖ਼ਤ ਰੁਖ਼ ਅਪਣਾ ਕੇ ਵੱਖਵਾਦੀ ਤੱਤਾਂ ਨੂੰ ਕਾਬੂ ਕਰਨ ਲਈ ਕੈਨੇਡਾ 'ਤੇ ਲਗਾਤਾਰ ਦਬਾਅ ਬਣਾ ਰਿਹਾ ਹੈ ਕਿਨੇਡਾ ਦੇ ਇਸ ਫੈਸਲੇ ਦਾ ਸਭ ਤੋਂ ਵੱਧ ਅਸਰ ਪੰਜਾਬ 'ਤੇ ਪਵੇਗਾ, ਕਿਉਂਕਿ ਕੈਨੇਡਾ 'ਚ ਰਾਜਨਿਤਿਕ ਸ਼ਰਨ ਲੈਣ ਵਾਲੇ ਲੋਕਾਂ 'ਚ ਸਭ ਤੋਂ ਵੱਧ ਗਿਣਤੀ ਪੰਜਾਬ ਤੋਂ ਉਥੇ ਜਾਣ ਵਾਲਿਆਂ ਦੀ ਹੈ।

ਕੈਨੇਡਾ ਸਰਕਾਰ ਨੇ ਘੋਸ਼ਣਾ ਕੀਤੀ ਹੈ ਕਿ ਡਿਪਾਰਟਮੈਂਟ ਆਫ ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ (IRCC) ਸ਼ਰਨਾਰਥੀਆਂ ਅਤੇ ਉਨ੍ਹਾਂ ਦੇ ਸਪਾਂਸਰਾਂ ਨੂੰ ਕੈਨੇਡਾ ਵਿੱਚ ਵਧੇਰੇ ਨਿਸ਼ਚਿਤਤਾ ਪ੍ਰਦਾਨ ਕਰਨ ਲਈ 29 ਨਵੰਬਰ ਤੋਂ ਸ਼ੁਰੂ ਹੋਣ ਵਾਲੇ ਪ੍ਰਾਈਵੇਟ ਸਪਾਂਸਰਸ਼ਿਪ (PR) ਪ੍ਰੋਗਰਾਮ ਨੂੰ ਅਸਥਾਈ ਤੌਰ 'ਤੇ ਸਵੀਕਾਰ ਕਰਨਾ ਬੰਦ ਕਰ ਦਿੱਤਾ ਹੈ। ਇਹ ਨਿਯਮ 31 ਦਸੰਬਰ 2025 ਤੱਕ ਲਾਗੂ ਰਹੇਗਾ। ਨੋਟਿਸ ਵਿੱਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ 29 ਨਵੰਬਰ ਤੋਂ ਪਹਿਲਾਂ ਆਈ.ਆਰ.ਸੀ.ਸੀ ਵੱਲੋਂ ਪ੍ਰਾਪਤ ਹੋਈਆਂ ਅਰਜ਼ੀਆਂ ਹੀ ਕੈਨੇਡਾ ਵਿੱਚ ਸੈਟਲਮੈਂਟ ਲਈ ਵਿਚਾਰੀਆਂ ਜਾਣਗੀਆਂ। ਕੈਨੇਡਾ 2025 ਵਿੱਚ 23,000 ਨਿੱਜੀ ਤੌਰ 'ਤੇ ਸਪਾਂਸਰ ਕੀਤੇ ਸ਼ਰਨਾਰਥੀਆਂ ਨੂੰ ਮੁੜ ਵਸਾਏਗਾ, ਪਰ ਸ਼ਰਨ ਦੇਣ ਤੋਂ ਪਹਿਲਾਂ ਅਰਜ਼ੀਆਂ ਦੀ ਬਾਰੀਕੀ ਨਾਲ ਜਾਂਚ ਕੀਤੀ ਜਾਵੇਗੀ। ਕੈਨੇਡਾ ਵਿੱਚ ਸ਼ਰਣ ਲੈਣ ਵਾਲਿਆਂ ਦੀ ਗਿਣਤੀ ਇਸ ਸਾਲ ਅਗਸਤ ਵਿੱਚ 13,000 ਸੀ, ਜੋ ਸਤੰਬਰ ਵਿੱਚ ਵੱਧ ਕੇ 14,000 ਹੋ ਗਈ।

**ਸਿਮਰਨਜੀਤ ਮਾਨ ਦੀ ਮੰਨੀਏ ਤਾਂ ਹਜ਼ਾਰਾਂ ਨੌਜਵਾਨਾਂ ਨੂੰ ਆਪਣੇ ਲੈਟਰ ਤੇ ਭੇਜ ਚੁਕੇ ਕੈਨੇਡਾ**
**ਸੰਗਰੂਰ ਦੇ ਸਾਬਕਾ ਸੰਸਦ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਪਿਛਲੇ ਸਾਲ ਮੰਨਿਆ ਸੀ ਕਿ ਉਨ੍ਹਾਂ ਨੇ ਆਪਣੇ ਲੈਟਰਹੈੱਡ 'ਤੇ ਪੰਜਾਬ ਦੇ ਘੱਟੋ-ਘੱਟ 50,000 ਨੌਜਵਾਨਾਂ ਨੂੰ ਸਿਆਸੀ ਸ਼ਰਨ ਲਈ ਪੱਤਰ ਜਾਰੀ ਕੀਤੇ ਸਨ।**

### ਇਮੀਗ੍ਰੇਸ਼ਨ ਸਲਾਹਕਾਰ ਵਿਦਿਆਰਥੀਆਂ ਨੂੰ ਦਿੰਦੇ ਹਨ ਝੂਠੀਆਂ ਅਰਜ਼ੀਆਂ ਦੇਣ ਦੀ ਸਲਾਹ

ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਹਾਲ ਹੀ 'ਚ ਸਿਆਸੀ ਸ਼ਰਨ ਮੰਗਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਵਧਦੀ ਗਿਣਤੀ 'ਤੇ ਹੈਰਾਨੀ ਪ੍ਰਗਟਾਈ ਸੀ। ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ਵਿੱਚ ਵਿਦਿਆਰਥੀ ਕੈਨੇਡਾ ਪਹੁੰਚ ਜਾਂਦੇ ਹਨ ਜੋ ਪਹੁੰਚਣ ਤੋਂ ਤੁਰੰਤ ਬਾਅਦ ਸ਼ਰਨ ਦੇ ਦਾਅਵੇ ਦਾਇਰ ਕਰਦੇ ਹਨ।ਮਿਲਰ ਨੇ ਇਮੀਗ੍ਰੇਸ਼ਨ ਸਲਾਹਕਾਰਾਂ ਦੀ ਅਨੈਤਿਕ ਸਲਾਹ ਨੂੰ 'ਝੂਠੀਆਂ ਸ਼ਰਨ ਅਰਜ਼ੀਆਂ' ਵਿੱਚ ਭਾਰੀ ਵਾਧੇ ਲਈ ਜ਼ਿੰਮੇਵਾਰ ਠਹਿਰਾਇਆ। ਉਸ ਨੇ ਕਿਹਾ ਕਿ ਬਹੁਤੀ ਵਾਰ ਸ਼ਰਨ ਲਈ ਜਾਇਜ਼ ਕਾਰਨ ਵੀ ਨਹੀਂ ਹੁੰਦੇ। ਅਸਲ ਵਿੱਚ ਟਿਊਸ਼ਨ ਫੀਸ ਨਾ ਭਰਨ ਦੇ ਵਿੱਤੀ ਸੰਕਟ ਵਰਗੇ ਕਾਰਨ ਸਾਹਮਣੇ ਆਏ ਹਨ।

ਉਨ੍ਹਾਂ ਕਿਹਾ ਕਿ ਇਸ ਵਿੱਚ ਮੌਕਾਪ੍ਰਸਤੀ ਚੱਲ ਰਹੀ ਹੈ ਅਤੇ ਫਾਇਦਾ ਲਿਆ ਜਾ ਰਿਹਾ ਹੈ। ਮਿਲਰ ਨੇ I.R.C.C ਨੂੰ ਲਾਈਸੈਂਸਸ਼ੁਦਾ ਸਲਾਹਕਾਰਾਂ ਦੀ ਜਾਂਚ ਕਰਨ ਦੀ ਅਪੀਲ ਕੀਤੀ ਜੋ ਸ਼ਰਨ ਦਾਅਵਿਆਂ ਦਾ ਪਿੱਛਾ ਕਰਨ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਅਣਉਚਿਤ ਸਲਾਹ ਪ੍ਰਦਾਨ ਕਰਦੇ ਹਨ।

### ਕੈਨੇਡਾ ਵਿੱਚ 40 ਹਜ਼ਾਰ ਵਿਦਿਆਰਥੀ ਸਿਆਸੀ ਸ਼ਰਨ ਲੈਣ ਦੀ ਕਰ ਰਹੇ ਕੋਸ਼ਿਸ਼

ਕੈਨੇਡੀਅਨ ਸਰਕਾਰ ਦੇ ਇਸ ਕਦਮ ਨਾਲ ਉੱਥੇ ਸ਼ਰਨ ਮੰਗਣ ਵਾਲੇ ਪੰਜਾਬ ਦੇ ਨੌਜਵਾਨਾਂ 'ਤੇ ਅਸਰ ਪਵੇਗਾ। ਐਸੋਸੀਏਸ਼ਨ ਆਫ ਕੰਸਲਟੈਂਟਸ ਫ਼ਾਰ ਓਵਰਸੀਜ਼ ਸਟੱਡੀਜ਼ ਦੇ ਸਕੱਤਰ ਸੁਖਵਿੰਦਰ ਨੰਦਾ ਦਾ ਕਹਿਣਾ ਹੈ ਕਿ ਇਕੱਲੇ ਇਸ ਸਾਲ 30 ਤੋਂ 40 ਹਜ਼ਾਰ ਤੋਂ ਵੱਧ ਵਿਦਿਆਰਥੀ ਅਤੇ ਟੂਰਿਸਟ ਵੀਜ਼ੇ 'ਤੇ ਜਾਣ ਵਾਲੇ ਲੋਕ ਕਿਸੇ ਨਾ ਕਿਸੇ ਬਹਾਨੇ ਕੈਨੇਡਾ ਵਿਚ ਸਿਆਸੀ ਸ਼ਰਨ ਲੈਣ ਦੀ ਕੋਸ਼ਿਸ਼ ਕਰ ਰਹੇ ਹਨ।

ਸਿਆਸੀ ਸ਼ਰਨ ਮੰਗਣ ਦਾ ਮਕਸਦ ਕਿਸੇ ਤਰ੍ਹਾਂ ਕੈਨੇਡਾ ਵਿੱਚ ਸੈਟਲ ਹੋਣਾ ਹੈ। ਪੰਜਾਬ ਤੋਂ ਹਰ ਸਾਲ ਦੋ ਲੱਖ ਦੇ ਕਰੀਬ ਵਿਦਿਆਰਥੀ ਸਟੱਡੀ ਵੀਜ਼ੇ 'ਤੇ ਕੈਨੇਡਾ ਜਾਂਦੇ ਹਨ।

HURRY! RIGHT AWAY
BRAMPTON CASH & CARRY
Importer | Wholesaler | Retailer
SPECIAL OFFERS AT
BRAMPTON CASH AND CARRY

WHOLE WHEAT 2.49 $
BEST FOOD RUSK 2.99 $
WHITE 2.49 $
100 Kennedy Rd S, Brampton, ON L6W 3E7, Canada
905-230-4800

ਖੁਸ਼ਖਬਰੀ ! ਖੁਸ਼ਖਬਰੀ ! ਖੁਸ਼ਖਬਰੀ !
ਹੁਣ ਤੁਹਾਡੀ ਸੇਵਾ ਵਿੱਚ BRAMPTON CASH & CARRY
ਇੱਕ ਨਵੀਂ ਬ੍ਰਾਂਚ ਬਹੁਤ ਜ਼ਲਦ ਖੁੱਲ ਰਹੀ ਹੈ
3643 Portage Rd, Niagara Falls
416-700-9100

TEAM GET SOLD

INDER ARORA (BROKER) (416) 525.7400
RAMAN KATHURIA (BROKER) (416) 709.6100

HOMELIFE Homelife Silvercity Realty Inc., Brokerage
KANWAR BRAR
Broker
Direct: 416-737-4971
Office: 905.913.8500
Email: kanwarjitbrar@hotmail.com
11775 Bramalea Rd # 201, Brampton, Ontario L6R 3Z4
"Success Is Never Final"


AMYRA ACADEMY
Hair & Esthetics
Our Courses
HAIR STYLING DIPLOMA
MEDICAL ESTHETICS DIPLOMA

905-399-6110 , 647-713-3133
amyraacademy@outlook.com
www.amyraacademy.com
114 Kennedy Road Unit 2 Brampton Ontario, L6W 3E7
amyraacademy

AXLE Car Rental
Enjoy The Ride!
905.917.0818
We Provide:
• Insurance Replacement Rental
• We Deal With All Insurance Companies
• All New Models of Cars, Suv's & Mini Vans
• Free Local Shuttle Service
axlecarrental@gmail.com
www.AxleCarRental.com
1365 Mid-Way Blvd. Unit 10, Mississauga, ON L5T 2J5

# ਜੇ ਬਰਿੱਕਸ ਦੇਸ਼ਾਂ ਨੇ ਡਾਲਰ ਦੀ ਥਾਂ ਹੋਰ ਕਰੰਸੀ ਲਿਆਂਦੀ ਤਾਂ ਉਨ੍ਹਾਂ 'ਤੇ ਸੌ ਫੀਸਦੀ ਟੈਰਿਫ ਲਾਵਾਂਗੇ: ਟਰੰਪ

ਵਾਸ਼ਿੰਗਟਨ, 01 ਦਸੰਬਰ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)-ਡੋਨਲਡ ਟਰੰਪ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਅਗਲੇ ਸਾਲ 20 ਜਨਵਰੀ ਨੂੰ ਸਹੁੰ ਚੁੱਕਣਗੇ ਪਰ ਉਨ੍ਹਾਂ ਨੇ ਪਹਿਲਾਂ ਹੀ ਬਰਿੱਕਸ ਦੇਸ਼ਾਂ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ ਹੈ। ਟਰੰਪ ਨੇ ਇਨ੍ਹਾਂ ਦੇਸ਼ਾਂ ਨੂੰ ਚਿਤਾਵਨੀ ਦਿੱਤੀ ਕਿ ਜੇ ਉਨ੍ਹਾਂ ਨੇ ਕਿਸੇ ਹੋਰ ਕਰੰਸੀ ਦਾ ਸਮਰਥਨ ਕੀਤਾ ਤਾਂ ਉਨ੍ਹਾਂ 'ਤੇ ਸੌ ਫੀਸਦੀ ਟੈਰਿਫ (ਦੂਜੇ ਦੇਸ਼ ਤੋਂ ਸਾਮਾਨ ਲਿਆਉਣ 'ਤੇ ਲੱਗਣ ਵਾਲੀ ਦਰਾਮਦ ਡਿਊਟੀ) ਲਾ ਦਿੱਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਇਹ ਦੇਸ਼ ਅਮਰੀਕੀ ਡਾਲਰ ਦਾ ਸਮਰਥਨ ਕਰਨ। ਇਨ੍ਹਾਂ ਨੌਂ ਮੈਂਬਰੀ ਸਮੂਹ ਵਿਚ ਭਾਰਤ, ਰੂਸ, ਚੀਨ ਅਤੇ ਬ੍ਰਾਜ਼ੀਲ



ਸ਼ਾਮਲ ਹਨ ਢੱਸਣਾ ਬਣਦਾ ਹੈ ਕਿ ਬਰਿੱਕਸ ਦਾ ਗਠਨ 2009 ਵਿੱਚ ਕੀਤਾ ਗਿਆ ਹੈ ਤੇ ਇਹ ਹੀ ਇਕੱਲਾ ਅਜਿਹਾ ਪ੍ਰਮੁੱਖ ਕੌਮਾਂਤਰੀ ਗਰੁੱਪ ਹੈ ਜਿਸ ਦਾ ਸੰਯੁਕਤ ਰਾਜ ਅਮਰੀਕਾ ਹਿੱਸਾ ਨਹੀਂ ਹੈ। ਇਸ ਦੇ ਹੋਰ ਮੈਂਬਰ ਦੇਸ਼ਾਂ ਵਿਚ ਦੱਖਣੀ ਅਫਰੀਕਾ, ਈਰਾਨ, ਮਿਸਰ, ਇਥੋਪੀਆ ਅਤੇ ਸੰਯੁਕਤ ਅਰਬ ਅਮੀਰਾਤ ਹਨ। ਪਿਛਲੇ ਕੁਝ ਸਾਲਾਂ ਤੋਂ ਇਸ ਦੇ ਕੁਝ ਮੈਂਬਰ ਦੇਸ਼ ਖਾਸ ਤੌਰ 'ਤੇ ਰੂਸ ਅਤੇ ਚੀਨ ਅਮਰੀਕੀ ਡਾਲਰ ਦਾ ਬਦਲ ਲੱਭ ਰਹੇ ਹਨ ਜਾਂ ਆਪਣੀ ਬਰਿੱਕਸ ਕਰੰਸੀ ਲਿਆਉਣਾ ਚਾਹੁੰਦੇ ਹਨ ਪਰ ਭਾਰਤ ਹੁਣ ਤੱਕ ਇਸ ਮੁਹਿੰਮ ਦਾ ਹਿੱਸਾ ਨਹੀਂ ਬਣਿਆ ਹੈ। ਹੁਣ ਟਰੰਪ ਨੇ ਇਨ੍ਹਾਂ ਬਰਿੱਕਸ ਦੇਸ਼ਾਂ ਨੂੰ ਅਜਿਹੇ ਕਦਮ ਖਿਲਾਫ ਚਿਤਾਵਨੀ ਦਿੱਤੀ ਹੈ।

ਟਰੰਪ ਨੇ ਕਿਹਾ,'ਸਾਨੂੰ ਇਨ੍ਹਾਂ ਦੇਸ਼ਾਂ ਤੋਂ ਵਚਨਬੱਧਤਾ ਦੀ ਲੋੜ ਹੈ ਕਿ ਉਹ ਨਾ ਹੀ ਕੋਈ ਨਵੀਂ ਬਰਿੱਕਸ ਕਰੰਸੀ ਬਣਾਉਣਗੇ ਤੇ ਨਾ ਹੀ ਨਵੀਂ ਕਰੰਸੀ ਦਾ ਸਮਰਥਨ ਕਰਨਗੇ ਨਹੀਂ ਤਾਂ ਉਨ੍ਹਾਂ ਨੂੰ 100% ਟੈਰਿਫ ਦਾ ਸਾਹਮਣਾ ਕਰਨਾ ਪਵੇਗਾ ਅਤੇ ਉਹ ਅਮਰੀਕੀ ਅਰਥਵਿਵਸਥਾ ਵਿੱਚ ਆਪਣੇ ਉਤਪਾਦ ਵੇਚ ਨਹੀਂ ਸਕਣਗੇ।'












# SGPC ਨੇ ਖਾਲਸਾ ਸਾਜਣਾ ਦਿਵਸ ਮੌਕੇ ਪਾਕਿਸਤਾਨ ਜਾਣ ਵਾਲੇ ਜਥੇ ਲਈ ਪਾਸਪੋਰਟ ਮੰਗੇ

ਅੰਮ੍ਰਿਤਸਰ: ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਖ਼ਾਲਸਾ ਸਾਜਣਾ ਦਿਵਸ (ਵਿਸਾਖੀ) ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਭੇਜੇ ਜਾਣ ਵਾਲੇ ਜਥੇ ਲਈ ਪ੍ਰਕ੍ਰਿਆ ਆਰੰਭ ਕਰਦਿਆਂ 25 ਦਸੰਬਰ 2024 ਤੱਕ ਸ਼ਰਧਾਲੂਆਂ ਪਾਸੋਂ ਪਾਸਪੋਰਟ ਮੰਗੇ ਗਏ ਹਨ। ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਖ਼ਾਲਸਾ ਸਾਜਣਾ ਦਿਵਸ ਸਬੰਧੀ ਸਮਾਗਮਾਂ ਵਿਚ ਸ਼ਮੂਲੀਅਤ ਲਈ ਹਰ ਸਾਲ ਦੀ ਤਰ੍ਹਾਂ ਸ੍ਰੋਮਣੀ ਕਮੇਟੀ ਵੱਲੋਂ ਸ਼ਰਧਾਲੂਆਂ ਦਾ ਜਥਾ ਜਾਵੇਗਾ। ਸ੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਪ੍ਰੈਲ 2025 ਵਿਚ ਖਾਲਸਾ ਸਾਜਣਾ ਦਿਵਸ ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਭੇਜਿਆ ਜਾਵੇਗਾ, ਜੋ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਮੁੱਖ ਸਮਾਗਮ 'ਚ ਸ਼ਮੂਲੀਅਤ ਤੋਂ ਇਲਾਵਾ ਉਥੇ ਸਥਿਤ ਹੋਰਨਾਂ ਗੁਰਧਾਮਾਂ ਦੇ ਵੀ ਦਰਸ਼ਨ ਕਰੇਗਾ। ਉਨ੍ਹਾਂ ਕਿਹਾ ਕਿ ਇਸ ਜਥੇ ਵਿਚ ਜਾਣ ਦੇ ਚਾਹਵਾਨ ਸ਼ਰਧਾਲੂ ਆਪਣੇ ਪਾਸਪੋਰਟ 25 ਦਸੰਬਰ 2024 ਤੱਕ ਸ੍ਰੋਮਣੀ ਕਮੇਟੀ ਦਫ਼ਤਰ 'ਚ ਯਾਤਰਾ ਵਿਭਾਗ ਵਿਖੇ ਦਰਜ਼ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਸ਼ਰਧਾਲੂਆਂ ਲਈ ਆਪੋ-ਆਪਣੇ ਹਲਕੇ ਦੇ ਸ੍ਰੋਮਣੀ ਕਮੇਟੀ ਮੈਂਬਰਾਂ ਪਾਸੋਂ ਸਿਫ਼ਾਰਸ਼ ਕਰਵਾਉਣੀ ਜ਼ਰੂਰੀ ਹੈ ਅਤੇ ਇਸ ਦੇ ਨਾਲ ਹੀ ਆਪਣੀ ਪਛਾਣ ਦੇ ਸਬੂਤ ਵਜੋਂ ਆਧਾਰ ਕਾਰਡ ਜਾਂ ਵੋਟਰ ਕਾਰਡ ਦੀ ਫੋਟੋ ਕਾਪੀ ਵੀ ਦਿੱਤੀ ਜਾਵੇ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਦਿੱਤੇ ਸਮੇਂ ਤੱਕ ਆਪਣੇ ਪਾਸਪੋਰਟ ਦਰਜ਼ ਕਰਵਾਉਣ, ਤਾਂ ਜੋ ਵੀਜ਼ਾ ਪ੍ਰਕ੍ਰਿਆ ਲਈ ਕਾਰਵਾਈ ਸਮੇਂ ਸਿਰ ਕੀਤੀ ਜਾ ਸਕੇ।

# ਟਰੰਪ ਨੇ ਭਾਰਤੀ ਮੂਲ ਦੇ ਕਾਸ਼ ਪਟੇਲ ਨੂੰ F.B.I ਡਾਇਰੈਕਟਰ ਨਿਯੁਕਤ ਕੀਤਾ




ਵਾਸ਼ਿੰਗਟਨ, 01 ਦਸੰਬਰ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ))ਅਮਰੀਕਾ ਦੇ ਮਨੋਨੀਤ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤੀ ਮੂਲ ਦੇ ਅਮਰੀਕੀ ਕਾਸ਼ ਪਟੇਲ (44) ਨੂੰ ਫੈਡਰਲ ਬਿਊਰੋਂ ਆਫ਼-ਇਨਵੇਂਸਟੀਗੇਸ਼ਨ (ਐੱਫ.ਬੀ.ਆਈ) ਦਾ ਡਾਇਰੈਕਟਰ ਨਾਮਜ਼ਦ ਕੀਤਾ ਹੈ। ਪਟੇਲ ਇਸ ਨਾਮਜ਼ਦਗੀ ਨਾਲ ਅਗਾਮੀ ਟਰੰਪ ਪ੍ਰਸ਼ਾਸਨ ਵਿਚ ਸਿਖਰਲਾ ਅਹੁਦਾ ਹਾਸਲ ਕਰਨ ਵਾਲੇ ਪਹਿਲੇ ਭਾਰਤੀ ਅਮਰੀਕੀ ਬਣ ਗਏ ਹਨ। ਟਰੰਪ ਨੇ ਆਪਣੀ ਮਾਲਕੀ ਵਾਲੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੁਥ ਸੋਸ਼ਲ' ਉੱਤੇ ਐਲਾਨ ਕੀਤਾ, "ਮੈਨੂੰ ਇਹ ਐਲਾਨ ਕਰਨ ਵਿਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਕਸ਼ਯਪ 'ਕਾਸ਼' ਪਟੇਲ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ ਅਗਲੇ ਡਾਇਰੈਕਟਰ ਵਜੋਂ ਸੇਵਾਵਾਂ ਨਿਭਾਉਣਗੇ। ਕਾਸ਼ ਬਹੁਤ ਵਧੀਆ ਵਕੀਲ, ਤਫ਼ਤੀਸ਼ਕਾਰ ਅਤੇ 'ਅਮੇਰਿਕਾ ਫਸਟ' ਜੰਗਜੂ ਹੈ, ਜਿਸ ਨੇ ਆਪਣਾ ਕਰੀਅਰ ਭ੍ਰਿਸ਼ਟਾਚਾਰ ਨੂੰ ਬੇਨਕਾਬ ਕਰਨ, ਨਿਆਂ ਦੀ ਰੱਖਿਆ ਅਤੇ ਅਮਰੀਕੀ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਉੱਤੇ ਲਾ ਦਿੱਤਾ।" ਟਰੰਪ ਨੇ ਕਿਹਾ ਕਿ ਪਟੇਲ ਨੇ 'ਰਸ਼ੀਆ ਰਸ਼ੀਆ ਰਸ਼ੀਆ ਹੋੌਕਸ' ਬੇਨਕਾਬ ਕਰਨ ਵਿਚ ਵੀ ਅਹਿਮ ਭੂਮਿਕਾ ਨਿਭਾਈ। ਉਹ ਸੱਚ, ਜਵਾਬਦੇਹੀ ਤੇ ਸੰਵਿਧਾਨ ਦੀ ਵਕਾਲਤ ਲਈ ਖੜਿਆ ਰਿਹਾ। ਪਟੇਲ ਨੇ 2017 ਵਿਚ ਟਰੰਪ ਪ੍ਰਸ਼ਾਸਨ ਦੇ ਆਖਰੀ ਕੁਝ ਹਫ਼ਤਿਆਂ ਵਿਚ ਅਮਰੀਕਾ ਦੇ ਕਾਰਜਕਾਰੀ ਰੱਖਿਆ ਮੰਤਰੀ ਦੇ ਚੀਫ਼ ਆਫ਼ ਸਟਾਫ਼ ਵਜੋਂ ਵੀ ਸੇਵਾਵਾਂ ਨਿਭਾਈਆਂ ਸਨ। ਮਨੋਨੀਤ ਰਾਸ਼ਟਰਪਤੀ ਨੇ ਕਿਹਾ, "ਕਾਸ਼ ਨੇ ਮੇਰੇ ਪਹਿਲੇ ਕਾਰਜਕਾਲ ਦੌਰਾਨ ਸ਼ਾਨਦਾਰ ਕੰਮ ਕੀਤਾ ਸੀ। ਕਾਸ਼ ਨੇ ਰੱਖਿਆ ਵਿਭਾਗ ਵਿਚ ਚੀਫ਼ ਆਫ਼ ਸਟਾਫ, ਨੈਸ਼ਨਲ ਇੰਟੈਲੀਜੈਂਸ ਦੇ ਡਿਪਟੀ ਡਾਇਰੈਕਟਰ ਅਤੇ ਕੌਮੀ ਸੁਰੱਖਿਆ ਕੌਂਸਲ ਵਿਚ ਅਤਿਵਾਦ ਦੇ ਟਾਕਰੇ ਨੂੰ ਲੈ ਕੇ ਵਿਭਾਗ ਦੇ ਸੀਨੀਅਰ ਡਾਇਰੈਕਟਰ ਵਜੋਂ ਵੀ ਕੰਮ ਕੀਤਾ। ਕਾਸ਼ 60 ਤੋਂ ਵੱਧ ਕੇਸਾਂ ਵਿਚ ਸਰਕਾਰ ਵੱਲੋਂ ਪੇਸ਼ ਹੋਇਆ।"

# ਵੀਜ਼ਾ ਧੋਖਾਧੜੀ, ਅਮਰੀਕੀ ਇਮੀਗ੍ਰੇਸ਼ਨ ਪ੍ਰਕਿਰਿਆ ਦੀ ਦੁਰਵਰਤੋਂ ਲਈ ਇੰਫੋਸਿਸ ਨੂੰ 283 ਕਰੋੜ ਰੁਪਏ ਦਾ ਜੁਰਮਾਨਾ






ਨਵੀਂ ਦਿੱਲੀ, 01 ਦਸੰਬਰ (ਜਸਵਿੰਦਰ ਸਿੰਘ ਥਿੰਟਾ)- ਨਾਰਾਇਣ ਮੂਰਤੀ ਦੁਆਰਾ ਸਹਿ-ਸਥਾਪਿਤ ਸਲਾਹਕਾਰ, ਤਕਨਾਲੋਜੀ ਅਤੇ ਆਊਟਸੋਰਸਿੰਗ ਵਿੱਚ ਸ਼ਾਮਲ ਇੱਕ ਭਾਰਤੀ ਕੰਪਨੀ ਇਨਫੋਸਿਸ ਨੂੰ ਸੰਯੁਕਤ ਰਾਜ ਵਿੱਚ ਇਮੀਗ੍ਰੇਸ਼ਨ ਧੋਖਾਧੜੀ ਦੇ ਸਭ ਤੋਂ ਵੱਡੇ ਮਾਮਲੇ ਵਿੱਚ ਰਿਕਾਰਡ 283 ਕਰੋੜ ਰੁਪਏ (34 ਮਿਲੀਅਨ ਡਾਲਰ) ਦਾ ਜੁਰਮਾਨਾ ਲਗਾਇਆ ਗਿਆ ਹੈ। ਇੰਫੋਸਿਸ ਲਿਮਟਿਡ ਨੇ ਸਿਸਟਮਿਕ ਵੀਜ਼ਾ ਧੋਖਾਧੜੀ ਅਤੇ ਇਮੀਗ੍ਰੇਸ਼ਨ ਪ੍ਰਕਿਰਿਆਵਾਂ ਦੀ ਦੁਰਵਰਤੋਂ ਦੇ ਦੋਸ਼ਾਂ ਦੇ ਆਧਾਰ 'ਤੇ 34 ਮਿਲੀਅਨ ਦੇ ਰਿਕਾਰਡ ਸਿਵਲ ਬੰਦੋਬਸਤ ਲਈ ਸਹਿਮਤੀ ਦਿੱਤੀ ਹੈ, ਅਤੇ ਕਾਰਪੋਰੇਟ ਪਾਲਣਾ ਉਪਾਵਾਂ ਨੂੰ ਵਧਾਉਣ ਲਈ ਵੀ ਸਹਿਮਤੀ ਦਿੱਤੀ ਹੈ, ਯੂਐਸ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਨੇ ਰਿਪੋਰਟ ਦਿੱਤੀ ਹੈ। ਇਹ ਬੇਮਿਸਾਲ ਜੁਰਮਾਨਾ ਕਿਸੇ ਇਮੀਗ੍ਰੇਸ਼ਨ ਧੋਖਾਧੜੀ ਦੇ ਕੇਸ ਵਿੱਚ ਲਗਾਇਆ ਗਿਆ ਹੁਣ ਤੱਕ ਦਾ ਸਭ ਤੋਂ ਵੱਡਾ ਜੁਰਮਾਨਾ ਹੈ, ਜੋ ਬਹੁ-ਰਾਸ਼ਟਰੀ ਕੰਪਨੀਆਂ ਦੇ ਅੰਦਰ ਕਾਰਪੋਰੇਟ ਪਾਲਣਾ ਅਤੇ ਨੈਤਿਕ ਅਭਿਆਸਾਂ ਬਾਰੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ।

ਇੰਫੋਸਿਸ ਨੇ ਐਚ-1ਬੀ ਵੀਜ਼ਾ ਦੀ ਬਜਾਏ ਆਪਣੇ ਕਰਮਚਾਰੀਆਂ ਨੂੰ ਬੀ-1 ਵਿਜ਼ਟਰ ਵੀਜ਼ਾ ਜਾਰੀ ਕਰਕੇ ਯੂਐਸ ਵੀਜ਼ਾ ਨਿਯਮਾਂ ਦੀ ਉਲੰਘਣਾ ਕੀਤੀ, ਇੱਕ ਅਭਿਆਸ, ਜਿਸ ਨੇ ਕਥਿਤ ਤੌਰ 'ਤੇ ਨਰਾਇਣ ਮੂਰਤੀ ਦੀ ਅਗਵਾਈ ਵਾਲੀ ਤਕਨੀਕੀ ਕੰਪਨੀ ਨੂੰ ਸਖਤ ਤਨਖਾਹ ਅਤੇ ਇਮੀਗ੍ਰੇਸ਼ਨ ਜ਼ਰੂਰਤਾਂ ਨੂੰ ਬਾਈਪਾਸ ਕਰਨ ਦੀ ਇਜਾਜ਼ਤ ਦਿੱਤੀ। ਕੰਪਨੀ ਆਪਣੀ ਕਿਰਤ ਲਾਗਤਾਂ ਨੂੰ ਘਟਾਉਣ ਵਿੱਚ ਇੱਕ ਅਨੁਚਿਤ ਫਾਇਦਾ ਹੈ।

ਇਨਫੋਸਿਸ ਦੇ ਖਿਲਾਫ ਦੋਸ਼ਾਂ ਵਿੱਚ ਅੱਗੇ ਦਾਅਵਾ ਕੀਤਾ ਗਿਆ ਹੈ ਕਿ ਵੀਜ਼ਾ ਨਿਯਮਾਂ ਦੀ ਇਸਦੀ ਸ਼ਰੇਆਮ ਦੁਰਵਰਤੋਂ ਨਿਰਪੱਖ ਕਿਰਤ ਅਭਿਆਸਾਂ ਅਤੇ ਯੂਐਸ ਇਮੀਗ੍ਰੇਸ਼ਨ ਪ੍ਰਣਾਲੀ ਦੀ ਅਖੰਡਤਾ ਨੂੰ ਕਮਜ਼ੋਰ ਕਰਦੀ ਹੈ। ਕੰਪਨੀ ਨੇ ਇਸ ਦੇ ਖਿਲਾਫ ਮੁਕੱਦਮੇ ਲਈ ਸਹਿਮਤੀ ਦਿੱਤੀ ਹੈ ਅਤੇ ਭਵਿੱਖ ਵਿੱਚ ਇਮੀਗ੍ਰੇਸ਼ਨ ਕਾਨੂੰਨਾਂ ਦੀ ਉਲੰਘਣਾ ਨੂੰ ਰੋਕਣ ਅਤੇ ਵੀਜ਼ਾ ਅਭਿਆਸਾਂ ਵਿੱਚ ਪਾਰਦਰਸ਼ਤਾ ਬਣਾਈ ਰੱਖਣ ਲਈ ਕਾਰਪੋਰੇਟ ਪੱਧਰ 'ਤੇ ਸਖਤ ਪਾਲਣਾ ਉਪਾਵਾਂ ਨੂੰ ਲਾਗੂ ਕਰਨ ਲਈ ਵੀ ਸਹਿਮਤੀ ਦਿੱਤੀ ਹੈ। ਭਾਵੇਂ ਕਿ ਇਨਫੋਸਿਸ ਨੇ ਆਪਣੇ ਵਿਰੁੱਧ ਲਗਾਏ ਗਏ ਦੋਸ਼ਾਂ ਲਈ ਜ਼ਿੰਮੇਵਾਰੀ ਸਵੀਕਾਰ ਨਹੀਂ ਕੀਤੀ ਹੈ, ਭਾਰੀ ਜੁਰਮਾਨਾ ਵੱਡੀਆਂ ਕਾਰਪੋਰੇਸ਼ਨਾਂ ਲਈ ਇੱਕ ਮਜ਼ਬੂਤ ਰੋਕ ਦਾ ਕੰਮ ਕਰਦਾ ਹੈ, ਉਹਨਾਂ ਨੂੰ ਵੱਖ-ਵੱਖ ਦੇਸ਼ਾਂ ਵਿੱਚ ਕਾਨੂੰਨੀ ਮਾਪਦੰਡਾਂ ਅਤੇ ਨਿਰਪੱਖ ਅਭਿਆਸਾਂ ਦੀ ਪਾਲਣਾ ਕਰਨ ਦੀ ਮਹੱਤਤਾ ਦੀ ਯਾਦ ਦਿਵਾਉਂਦਾ ਹੈ।






# ਕੈਨੇਡਾ: ਅਦਾਲਤ ਵੱਲੋਂ ਟੋਰਾਂਟੋ ਦੇ ਹਿੰਦੂ ਮੰਦਰ ਦੇ 100 ਮੀਟਰ ਦੇ ਦਾਇਰੇ 'ਚ ਇਕੱਠ ਕਰਨ 'ਤੇ ਪਾਬੰਦੀ

ਟੋਰਾਂਟੋ, 01 ਦਸੰਬਰ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)–

ਕੈਨੇਡਾ ਦੀ ਅਦਾਲਤ ਨੇ ਇੱਥੋਂ ਦੇ ਲਕਸ਼ਮੀ ਨਰਾਇਣ ਮੰਦਰ ਕੰਪਲੈਕਸ ਦੇ ਸੌ ਮੀਟਰ ਦੇ ਦਾਇਰੇ ਵਿਚ ਖਾਲਿਸਤਾਨੀ ਪ੍ਰਦਰਸ਼ਨਕਾਰੀਆਂ ਦੇ ਇਕੱਠੇ ਹੋਣ 'ਤੇ ਪਾਬੰਦੀ ਲਾ ਦਿੱਤੀ ਹੈ। ਇਸ ਸਬੰਧੀ ਜਾਣਕਾਰੀ ਲਕਸ਼ਮੀ ਨਰਾਇਣ ਮੰਦਰ ਹਿੰਦੂ ਕਲਚਰਲ ਸੁਸਾਇਟੀ ਸਕਾਰਬਰੋ ਨੇ ਦਿੱਤੀ ਹੈ। ਇਸ ਸੁਸਾਇਟੀ ਨੇ ਟੋਰਾਂਟੋ ਪੁਲੀਸ ਦਾ ਮੰਦਰ ਵਿਚ ਲਗਾਏ ਗਏ ਇੰਡੀਅਨ ਕੌਂਸਲਰ ਕੈਂਪ ਦੇ ਸਹਿਯੋਗ ਲਈ ਧੰਨਵਾਦ ਵੀ ਕੀਤਾ ਹੈ। ਸੁਸਾਇਟੀ ਨੇ ਕਿਹਾ ਕਿ ਇਹ ਹੁਕਮ 30 ਨਵੰਬਰ ਤੋਂ ਲਾਗੂ ਹੋ ਗਏ ਹਨ ਤੇ ਅਦਾਲਤ ਨੇ ਇੱਥੇ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ ਕਿਸੇ ਪ੍ਰਦਰਸ਼ਨ ਤੇ ਖਾਲਿਸਤਾਨੀਆਂ ਦੇ ਇਕੱਠੇ ਹੋਣ 'ਤੇ ਪਾਬੰਦੀ ਲਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਫੈਸਲੇ ਨਾਲ ਹਿੰਦੂ ਭਾਈਚਾਰੇ ਵਿਚ ਸੁਰੱਖਿਅਤ ਮਾਹੌਲ ਯਕੀਨੀ ਬਣਾਇਆ ਜਾਵੇਗਾ। ਜ਼ਿਕਰਯੋਗ ਹੈ ਕਿ ਨਵੰਬਰ ਦੇ ਸ਼ੁਰੂ ਵਿਚ ਬਰੈਂਪਟਨ ਦੇ ਹਿੰਦੂ ਸਭਾ ਮੰਦਰ ਵਿੱਚ ਖਾਲਿਸਤਾਨੀ ਝੰਡਿਆਂ ਸਮੇਤ ਪ੍ਰਦਰਸ਼ਨਕਾਰੀਆਂ ਅਤੇ ਲੋਕਾਂ ਵਿਚਕਾਰ ਝੜਪਾਂ ਹੋ ਗਈਆਂ ਸਨ। ਇਸ ਤੋਂ ਬਾਅਦ ਭਾਰਤੀ ਵਿਦੇਸ਼ ਮੰਤਰਾਲੇ (MEA) ਦੇ ਬੁਲਾਰੇ ਰਣਧੀਰ ਜੈਸਵਾਲ ਨੇ ਹਿੰਦੂ ਸਭਾ ਮੰਦਰ 'ਤੇ ਹਿੰਸਾ ਦੀ ਨਿੰਦਾ ਕਰਦਿਆਂ ਕੈਨੇਡੀਅਨ ਸਰਕਾਰ ਨੂੰ ਹਮਲਿਆਂ ਤੋਂ ਧਾਰਮਿਕ ਸਥਾਨਾਂ ਦੀ ਰੱਖਿਆ ਕਰਨ ਅਤੇ ਜ਼ਿੰਮੇਵਾਰ ਲੋਕਾਂ 'ਤੇ ਮੁਕੱਦਮਾ ਚਲਾਉਣ ਦੀ ਮੰਗ ਕੀਤੀ ਸੀ। ਜੈਸਵਾਲ ਨੇ ਕਿਹਾ ਸੀ ਕਿ ਉਹ ਕੈਨੇਡਾ ਵਿੱਚ ਭਾਰਤੀ ਨਾਗਰਿਕਾਂ ਦੀ ਸੁਰੱਖਿਆ ਨੂੰ ਲੈ ਕੇ ਡੂੰਘੀ ਚਿੰਤਾ ਕਰਦੇ ਹਨ।






# ਵਿਦੇਸ਼ੀ ਦਖ਼ਲ ਬਾਰੇ ਸੰਸਦੀ ਜਾਂਚ ਕਮੇਟੀ ਵਲੋਂ ਬਰੈਂਪਟਨ ਦਾ ਮੇਅਰ ਤਲਬ

ਵੈਨਕੂਵਰ, 01 ਦਸੰਬਰ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)–ਸੰਸਦੀ ਚੋਣਾਂ ਸਮੇਤ ਕੈਨੇਡਿਆਈ ਕਿਰਿਆਵਾਂ 'ਚ ਵਿਦੇਸ਼ੀ ਦਖ਼ਲ ਦੀ ਜਾਂਚ ਕਰ ਰਹੀ ਸੰਸਦੀ ਕਮੇਟੀ ਵਲੋਂ ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ (Brampton Mayor Patrick Brown) ਨੂੰ ਕਮੇਟੀ ਮੂਹਰੇ ਭਾਰਤ ਸਰਕਾਰ ਦੇ ਦਖ਼ਲ ਸਮੇਤ ਹੋਰ ਜਾਣਕਾਰੀਆਂ ਦੇਣ ਲਈ 5 ਦਸੰਬਰ ਨੂੰ ਤਲਬ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਭਾਰਤੀ ਦਖ਼ਲ ਦੀ ਜਾਂਚ ਬਾਰੇ ਉਸ ਨੂੰ 21 ਅਕਤੂਬਰ ਨੂੰ ਪੇਸ਼ ਹੋਣ ਲਈ ਸੱਦਿਆ ਗਿਆ ਸੀ, ਜਿਸਨੂੰ ਮੇਅਰ ਵਲੋਂ ਅਣਗੌਲਿਆ ਕਰ ਦਿੱਤਾ ਗਿਆ ਸੀ। ਪਰ ਨਿਯਮਾਂ ਅਨੁਸਾਰ ਸੰਮਨ ਰਾਹੀਂ ਸੱਦਾ ਦਿੱਤਾ ਜਾਵੇ ਪੇਸ਼ੀ ਜ਼ਰੂਰੀ ਹੋ ਜਾਂਦੀ ਹੈ।

ਟੋਰੀ ਸੰਸਦ ਮੈਂਬਰ ਰੈਕਲ ਡਾਂਚੋ ਨੇ ਜਾਂਚ ਕਮੇਟੀ ਵਲੋਂ ਮੇਅਰ ਨੂੰ ਸੱਦਣ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਇਹ ਸਰਕਾਰ ਵਲੋਂ ਮੇਅਰ ਨੂੰ ਪ੍ਰੇਸ਼ਾਨ ਕਰਨ ਦਾ ਢੰਗ ਹੈ। ਪਰ ਲਿਬਰਲ ਸੰਸਦ ਰਣਦੀਪ ਸਿੰਘ ਸਰਾਏ ਨੇ ਇਸ ਦੋਸ਼ ਨੂੰ ਸਿਰੇ ਤੋਂ ਖ਼ਾਰਜ ਕਰਦਿਆਂ ਇਸ ਨੂੰ ਜਾਂਚ ਪ੍ਰਕਿਰਿਆ ਦਾ ਹਿੱਸਾ ਦੱਸਦਿਆ ਕਿਹਾ ਕਿ ਕਿਸੇ ਕਮੇਟੀ ਵਲੋਂ ਕੀਤੀ ਜਾਂਦੀ ਜਾਂਚ ਵੇਲੇ ਨਾ ਤਾਂ ਗਵਾਹ ਦੀ ਹੈਸੀਅਤ ਵੇਖੀ ਜਾਂਦੀ ਹੈ ਤੇ ਨਾ ਹੀ ਉਸ ਨੂੰ ਕਿਸੇ ਦੋਸ਼ ਅਧੀਨ ਸੱਦਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸੱਦੇ ਜਾਣ ਵਾਲੇ ਦੀ ਭੂਮਿਕਾ ਹੋਣ ਜਾਂ ਨਾਂ ਹੋਣ ਬਾਰੇ ਤਾਂ ਕਮੇਟੀ ਆਪਣੀ ਰਿਪੋਰਟ ਬਣਾਂਉਦੇ ਸਮੇਂ ਵਿਚਾਰਦੀ ਹੈ। ਇੱਥੇ ਦਸਣਾ ਬਣਦਾ ਹੈ ਕਿ ਦੋ ਸਾਲ ਪਹਿਲਾਂ ਕੰਜ਼ਰਵੇਟਿਵ ਪਾਰਟੀ ਦਾ ਲੀਡਰ ਚੁਣੇ ਜਾਣ ਵਾਲੀ ਦੌੜ ਵਿੱਚ ਪੈਟਰਿਕ ਬਰਾਊਨ ਵੀ ਸ਼ਾਮਲ ਸਨ, ਪਰ ਕੁੱਝ ਵਿੱਤੀ ਖਾਮੀਆਂ ਕਾਰਨ ਉਨ੍ਹਾਂ ਨੂੰ ਦੌੜ 'ਚੋਂ ਬਾਹਰ ਹੋਣ ਲਈ ਮਜਬੂਰ ਹੋਣਾ ਪਿਆ ਸੀ। ਮੰਨਿਆ ਜਾਂਦਾ ਹੈ ਬਰੈਂਪਟਨ ਰਹਿੰਦੇ ਭਾਰਤੀ ਭਾਈਚਾਰੇ ਵਿੱਚ ਉਸਦੀ ਮਕਬੂਲੀਅਤ ਹੋਣ ਕਰਕੇ ਭਾਰਤੀ ਸਿਆਸੀ ਆਗੂਆਂ ਨਾਲ ਵੀ ਉਸਦੇ ਨੇੜਲੇ ਸਬੰਧ ਹਨ, ਜਿਸ ਕਰਕੇ ਜਾਂਚ ਕਮੇਟੀ ਉਸ ਤੋਂ ਕੁਝ ਸਵਾਲ ਪੁੱਛਣੇ ਜ਼ਰੂਰੀ ਸਮਝਦੀ ਹੈ।



## ਮੰਦਰ ਦੇ ਬਾਹਰ ਪ੍ਰਦਰਸ਼ਨ ਕਰ ਰਹੇ ਹਨ ਖਾਲਿਸਤਾਨੀ ਪੱਖੀ; ਹਿੰਦੂ ਭਾਈਚਾਰੇ ਵੱਲੋਂ ਅਦਾਲਤੀ ਹੁਕਮਾਂ ਦੀ ਸ਼ਲਾਘਾ

## ਜ਼ਰੂਰੀ ਸੂਚਨਾਂ

ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਆਪਣਾ ਰੋਜ਼ਾਨਾ ਅਖ਼ਬਾਰ ਸ਼ੁਰੂ ਕੀਤਾ ਗਿਆ ਹੈ,ਜਿਸ ਦਾ ਨਾਮ 'ਵਿਸਵ ਪੰਜਾਬੀ ਸਾਂਝ'ਰੱਖਿਆ ਗਿਆ ਹੈ। ਤੁਸੀ ਆਪਣੀਆਂ ਰਚਨਾਵਾਂ/ਕਹਾਣੀ/ ਲੇਖ ਜਾਂ ਸਾਹਿਤਕ ਕਿਰਤ ਛੱਪਣ ਲਈ ਭੇਜ ਸਕਦੇ ਹੋ।

**ਲਿਖਤਾਂ ਭੇਜਣ ਲਈ ਈਮੇਲ ਪਤਾ**
**vishavPunjabisanjh@gmail.com**

ਲੇਖਕ ਆਪਣਾ ਨਾਮ ਫੋਨ ਨੰਬਰ ਅਤੇ ਫੋਟੋ ਵੀ ਜਰੂਰ ਭੇਜਣ ਦੀ ਕ੍ਰਿਪਾਲਤਾ ਕਰੋਂ

ਨੋਟ : ਅਖ਼ਬਾਰ ਵਿੱਚ ਭੇਜੀਆ ਰਚਨਾਵਾਂ ਜਾਂ ਸਮੱਗਰੀ ਸਾਹਿਤਕ ਅਤੇ ਸੱਭਿਅਕ ਹੋਵੇ ਸਮਾਜ ਨੂੰ ਸੇਧ ਦੇਣ ਵਾਲੀ ਹੋਵੇ।

ਅਖ਼ਬਾਰ ਵਿੱਚ ਸ਼ਾਮਿਲ ਲਿਖਤਾਂ ਤੇ ਵਿਚਾਰਾਂ ਲਈ ਲੇਖਕ ਖੁਦ ਜਿੰਮੇਵਾਰ ਹੈ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ






# ਮੰਗਲ ਗ੍ਰਹਿ 'ਤੇ ਜੀਵਨ ? 4.45 ਅਰਬ ਸਾਲ ਪੁਰਾਣੇ ਕ੍ਰਿਸਟਲ ਨਾਲ ਲਾਲ ਗ੍ਰਹਿ 'ਤੇ ਮਿਲੇ ਪਾਣੀ ਦੇ ਸਬੂਤ



ਨਵੀਂ ਦਿੱਲੀ, 01 ਦਸੰਬਰ (ਜਸਵਿੰਦਰ ਸਿੰਘ ਬਿੱਟਾ)- ਖੋਜਕਰਤਾਵਾਂ ਨੇ ਮੰਗਲ 'ਤੇ ਗਰਮ ਪਾਣੀ ਦੀ ਗਤੀਵਿਧੀ ਦੇ ਸਭ ਤੋਂ ਪੁਰਾਣੇ ਪ੍ਰਤੱਖ ਸਬੂਤਾਂ ਨੂੰ ਉਜਾਗਰ ਕੀਤਾ ਹੈ, ਜਿਸ ਨਾਲ ਇਹ ਸੁਝਾਅ ਮਿਲਦਾ ਹੈ ਕਿ ਗ੍ਰਹਿ 'ਤੇ ਕਦੇ ਜੀਵਨ ਹੋ ਸਕਦਾ ਹੈ। ਇਹ ਖੋਜ ਪੱਛਮੀ ਆਸਟਰੇਲੀਆ ਦੀ ਕਰਟਿਨ ਯੂਨੀਵਰਸਿਟੀ ਨੇ ਕੀਤੀ ਹੈ, ਜਿਸ ਦਾ ਅਧਿਐਨ ਸ਼ਨਿਚਰਵਾਰ ਨੂੰ ਪ੍ਰਕਾਸ਼ਿਤ ਹੋਇਆ।

ਖੋਜਕਰਤਾਵਾਂ ਨੇ ਮਾਰਟੀਅਨ ਮੀਟੋਰਾਈਟ ਤੋਂ 4.45 ਬਿਲੀਅਨ ਸਾਲ ਪੁਰਾਣੇ ਜ਼ਿਕ੍ਰੋਨ ਕਣ ਦਾ ਵਿਸ਼ਲੇਸ਼ਣ ਕੀਤਾ, ਜਿਸ ਨੂੰ ਬਲੈਕ ਬਿਊਟੀ ਵਜੋਂ ਜਾਣਿਆ ਜਾਂਦਾ ਹੈ। ਇਹ ਉਲਕਾ 2011 'ਚ ਸਹਾਰਾ ਰੇਗਿਸਤਾਨ 'ਚ ਲੱਭੀ ਗਈ ਸੀ ਅਤੇ ਉਦੋਂ ਤੋਂ ਇਹ ਵਿਗਿਆਨੀਆਂ ਲਈ ਖਿੱਚ ਦਾ ਕੇਂਦਰ ਰਹੀ ਹੈ।ਇਸ ਅਧਿਐਨ ਨੇ ਮੰਗਲ 'ਤੇ ਪਾਣੀ ਨਾਲ ਭਰਪੂਰ ਤਰਲ ਪਦਾਰਥਾਂ ਦੇ ਭੂ-ਰਸਾਇਣਕ ਫਿੰਗਰਪ੍ਰਿੰਟਸ ਦਾ ਪਤਾ ਲਗਾਇਆ, ਜੋ ਗ੍ਰਹਿ 'ਤੇ ਪ੍ਰਾਚੀਣ ਗਰਮ ਪਾਣੀ ਦੇ ਮਹੱਤਵਪੂਰਨ ਸਬੂਤ ਪੇਸ਼ ਕਰਦੇ ਹਨ। ਇਸ ਖੋਜ ਨਾਲ ਮੰਗਲ ਗ੍ਰਹਿ ਦੇ ਪ੍ਰਾਚੀਣ ਜਲਵਾਯੂ ਤੇ ਜੀਵਨ ਦੀਆਂ ਸੰਭਾਵਨਾਵਾਂ ਬਾਰੇ ਨਵੀਂ ਜਾਣਕਾਰੀ ਮਿਲ ਸਕਦੀ ਹੈ।

**ਮੰਗਲ 'ਤੇ ਜੀਵਨ ਦੀਆਂ ਸੰਭਾਵਨਾਵਾਂ ਦੇ ਨਵੇਂ ਸੰਕੇਤ**

ਖੋਜਕਰਤਾਵਾਂ ਅਨੁਸਾਰ, ਇਸ ਅਧਿਐਨ ਨੇ ਸਬੂਤ ਦਿੱਤੇ ਕਿ ਮੰਗਲ ਦੇ ਸ਼ੁਰੂਆਤੀ ਇਤਿਹਾਸ 'ਚ ਪਾਣੀ ਦੀ ਹੋਂਦ ਸੰਭਵ ਸੀ, ਜੋ ਜੀਵਨ ਲਈ ਜ਼ਰੂਰੀ ਤੱਤ ਹੈ। ਕਰਟਿਨ ਯੂਨੀਵਰਸਿਟੀ ਦੇ ਸਕੂਲ ਆਫ਼ ਅਰਥ ਐਂਡ ਪਲੈਨੇਟਰੀ ਸਾਇੰਸਜ਼ ਦੇ ਸਹਿ-ਲੇਖਕ ਡਾ. ਆਰੋਨ ਕੈਵੋਸੀ ਦੇ ਅਨੁਸਾਰ ਇਹ ਖੋਜ ਮੰਗਲ ਗ੍ਰਹਿ ਦੇ ਪ੍ਰਾਚੀਨ ਹਾਈਡਰੋਥਰਮਲ ਪ੍ਰਣਾਲੀਆਂ ਤੇ ਇਸਦੀ ਰਹਿਣਯੋਗਤਾ ਬਾਰੇ ਸਾਡੀ ਸਮਝ ਨੂੰ ਮਹੱਤਵਪੂਰਣ ਰੂਪ ਵਿੱਚ ਵਧਾ ਸਕਦੀ ਹੈ।

ਡਾ: ਕਾਵੋਸੀ ਨੇ ਕਿਹਾ ਕਿ ਧਰਤੀ 'ਤੇ ਜੀਵਨ ਦੇ ਵਿਕਾਸ ਲਈ ਹਾਈਡਰੋਥਰਮਲ ਸਿਸਟਮ ਜ਼ਰੂਰੀ ਹਨ। ਸਾਡੀਆਂ ਖੋਜਾਂ ਦਰਸਾਉਂਦੀਆਂ ਹਨ ਕਿ ਮੰਗਲ ਗ੍ਰਹਿ 'ਤੇ ਕ੍ਰਸਟ ਨਿਰਮਾਣ ਦੇ ਸ਼ੁਰੂਆਤੀ ਇਤਿਹਾਸ ਦੌਰਾਨ ਵੀ ਪਾਣੀ ਸੀ, ਜੋ ਕਿ ਰਹਿਣ ਯੋਗ ਵਾਤਾਵਰਣ ਲਈ ਇੱਕ ਮੁੱਖ ਤੱਤ ਸੀ।

**4.45 ਅਰਬ ਸਾਲ ਪੁਰਾਣੇ ਜ਼ਿਕ੍ਰੋਨ ਕਣ ਤੋਂ ਮਿਲੀ ਜਾਣਕਾਰੀ**

ਇਸ ਖੋਜ 'ਚ ਵਿਗਿਆਨੀਆਂ ਨੇ ਮੰਗਲ ਗ੍ਰਹਿ ਦੇ ਉਲਕਾਪਿੰਡ (ਜਿਸ ਨੂੰ ਬਲੈਕ ਬਿਊਟੀ ਵਜੋਂ ਜਾਣਿਆ ਜਾਂਦਾ ਹੈ) ਤੋਂ ਜ਼ਿਕਕਰੋਨਣਾਂ ਦਾ ਵਿਸ਼ਲੇਸ਼ਣ ਕੀਤਾ। ਇਹ ਕਣ 4.45 ਅਰਬ ਸਾਲ ਪੁਰਾਣੇ ਹਨ। ਇਸ ਦੇ ਵਿਸ਼ਲੇਸ਼ਣ ਨੇ ਸਾਬਤ ਕੀਤਾ ਕਿ ਮੰਗਲ 'ਤੇ ਪ੍ਰਾਚੀਨ ਹਾਈਡਰੋਥਰਮਲ ਗਤੀਵਿਧੀਆਂ ਮੌਜੂਦ ਸਨ। ਜਲਵਾਯੂ ਦਾ ਇਹ ਨਵਾਂ ਸਬੂਤ ਦਰਸਾਉਂਦਾ ਹੈ ਕਿ ਮੰਗਲ 'ਤੇ ਪਾਣੀ ਦੀ ਮੌਜੂਦਗੀ ਜੀਵਨ ਲਈ ਜ਼ਰੂਰੀ ਹਾਲਾਤ ਪੈਦਾ ਕਰ ਸਕਦੀ ਸੀ।

ਵਿਗਿਆਨੀਆਂ ਨੇ ਮੰਗਲ ਗ੍ਰਹਿ ਦੇ ਇਨ੍ਹਾਂ ਪ੍ਰਾਚੀਣ ਕ੍ਰਸਟ ਬਾਰੇ ਜਾਣਕਾਰੀ ਹਾਸਲ ਕਰਨ ਲਈ ਨੈਨੋ-ਸਕੇਲ ਜੀਓਕੈਮਿਸਟਰੀ ਦੀ ਵਰਤੋਂ ਕੀਤੀ। ਇਸ ਨਾਲ ਉਨ੍ਹਾਂ ਨੇ ਪਾਣੀ ਨਾਲ ਭਰਪੂਰ ਤਰਲ ਪਦਾਰਥਾਂ ਦੇ ਭੂ-ਰਸਾਇਣਕ ਮਾਰਕਰਾਂ ਦੀ ਪਛਾਣ ਕੀਤੀ, ਜੋ ਮੰਗਲ ਦੀਆਂ ਪ੍ਰਾਚੀਨ ਸਥਿਤੀਆਂ ਬਾਰੇ ਨਵੀਂ ਜਾਣਕਾਰੀ ਪ੍ਰਦਾਨ ਕਰਦੇ ਹਨ।

**ਮੰਗਲ ਗ੍ਰਹਿ ਦੀ ਜਲਵਾਯੂ ਨੂੰ ਲੈ ਕੇ ਮਿਲਦੀਆਂ ਹਨ ਨਵੀਆਂ ਸੰਭਾਵਨਾਵਾਂ**

ਮੰਗਲ ਗ੍ਰਹਿ ਬਾਰੇ ਨਵੀਂ ਜਾਣਕਾਰੀ ਇਹ ਸਪੱਸ਼ਟ ਕਰ ਰਹੀ ਹੈ ਕਿ ਜੀਵਨ ਲਈ ਅਨੁਕੂਲ ਵਾਤਾਵਰਨ ਇਸ ਗ੍ਰਹਿ 'ਤੇ ਪਹਿਲਾਂ ਹੀ ਮੌਜੂਦ ਹੋ ਸਕਦਾ ਸੀ। ਇਹ ਨਵੀਂ ਖੋਜ ਪਹਿਲਾਂ ਦੀਆਂ ਖੋਜਾਂ ਦਾ ਵਿਸਥਾਰ ਕਰਦੀ ਹੈ ਜਿਸ ਵਿਚ ਪਾਇਆ ਗਿਆ ਕਿ ਮੰਗਲ 'ਤੇ ਪੁਰਾਣੇ ਜ਼ਮਾਨੇ ਵਿਚ ਪਾਣੀ ਸੀ। ਇਸ ਦੀਆਂ ਸਥਿਤੀਆਂ ਜੀਵਨ ਨੂੰ ਸਹਾਰਾ ਦੇਣ ਲਈ ਅਨੁਕੂਲ ਹੋ ਸਕਦੀਆਂ ਹਨ ।

ਇਸ ਅਧਿਐਨ ਤੋਂ ਉਮੀਦ ਕੀਤੀ ਜਾ ਰਹੀ ਹੈ ਕਿ ਭਵਿੱਖ 'ਚ ਮੰਗਲ 'ਤੇ ਜੀਵਨ ਦੀ ਸੰਭਾਵਨਾ ਨੂੰ ਸਮਝਣ ਲਈ ਹੋਰ ਨਵੀਂ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਇਹ ਅਧਿਐਨ ਧਰਤੀ ਤੋਂ ਬਾਹਰ ਜੀਵਨ ਦੀ ਹੋਂਦ ਦੀਆਂ ਸੰਭਾਵਨਾਵਾਂ ਨੂੰ ਲੈ ਕੇ ਵੀ ਨਵੀਂ ਦਿਸ਼ਾ ਦਿਖਾਉਂਦਾ ਹੈ।

# ਭੱਜ-ਦੌੜ ਭਰੇ ਦਿਨ 'ਚ ਸਿਰਫ਼ 20 ਮਿੰਟ ਦੀ ਝਪਕੀ ਵਧਾਏਗੀ ਤੁਹਾਡੀ Productivity, ਸਰੀਰ ਨੂੰ ਮਿਲਣਗੇ ਹੋਰ ਕਈ ਫਾਇਦੇ



ਨਵੀਂ ਦਿੱਲੀ , 01 ਦਸੰਬਰ (ਜਸਵਿੰਦਰ ਸਿੰਘ ਬਿੱਟਾ)- (Benefits of sleeping) : ਕੀ ਤੁਸੀਂ ਵੀ ਦਿਨ ਦੇ ਅੱਧ ਵਿਚ ਥਕਾਵਟ ਮਹਿਸੂਸ ਕਰਦੇ ਹੋ। ਜੇ ਹਾਂ ਤਾਂ ਤੁਹਾਨੂੰ ਦਿਨ ਵਿੱਚ ਥੋੜ੍ਹੀ ਜਿਹੀ ਝਪਕੀ ਲੈਣੀ ਚਾਹੀਦੀ ਹੈ।

ਹਾਲਾਂਕਿ ਬਹੁਤ ਸਾਰੇ ਲੋਕ ਦਿਨ ਵਿੱਚ ਇੱਕ ਜਾਂ ਦੋ ਘੰਟੇ ਸੌਣਾ ਪਸੰਦ ਕਰਦੇ ਹਨ, ਕੁਝ ਮਿੰਟਾਂ ਦੀ ਝਪਕੀ ਤੁਹਾਡੇ ਲਈ ਵਧੇਰੇ ਲਾਭਕਾਰੀ ਸਾਬਤ ਹੋ ਸਕਦੀ ਹੈ (Napping Benefits)। ਦਿਨ ਦੌਰਾਨ ਝਪਕੀ ਲੈਣਾ ਸਿਰਫ਼ ਥਕਾਵਟ ਨੂੰ ਦੂਰ ਕਰਨ ਦਾ ਇੱਕ ਤਰੀਕਾ ਨਹੀਂ ਬਲਕਿ ਇਹ ਤੁਹਾਡੇ ਦਿਮਾਗ ਤੇ ਸਰੀਰ ਦੋਵਾਂ ਲਈ ਕਈ ਤਰ੍ਹਾਂ ਨਾਲ ਲਾਭਦਾਇਕ ਹੈ।

**ਝਪਕੀ ਲੈਣਾ ਕਿਵੇਂ ਹੈ ਦਿਮਾਗ ਲਈ ਫਾਇਦੇਮੰਦ**

**ਯਾਦਦਾਸ਼ਤ 'ਚ ਵਾਧਾ** -ਦਿਨ ਵੇਲੇ ਝਪਕੀ ਲੈਣ ਨਾਲ ਤੁਹਾਡੀ ਯਾਦਦਾਸ਼ਤ ਵਧਦੀ ਹੈ। ਇਹ ਤੁਹਾਡੇ ਦਿਮਾਗ ਨੂੰ ਨਵੀਂ ਜਾਣਕਾਰੀ ਨੂੰ ਬਿਹਤਰ ਢੰਗ ਨਾਲ ਸਟੋਰ ਕਰਨ ਵਿੱਚ ਮਦਦ ਕਰਦੀ ਹੈ।

ਫੋਕਸ ਵਧਦਾ ਹੈ- ਥੋੜ੍ਹੀ ਜਿਹੀ ਝਪਕੀ ਲੈਣ ਨਾਲ ਤੁਹਾਡੀ ਇਕਾਗਰਤਾ ਵਧਦੀ ਹੈ। ਇਹ ਤੁਹਾਨੂੰ ਆਪਣੇ ਕੰਮ 'ਤੇ ਬਿਹਤਰ ਧਿਆਨ ਦੇਣ 'ਚ ਮਦਦ ਕਰਦੀ ਹੈ।

**ਰਚਨਾਤਮਕਤਾ ਵਿੱਚ ਵਾਧਾ**-ਦਿਨ ਵੇਲੇ ਇੱਕ ਝਪਕੀ ਲੈਣ ਨਾਲ ਤੁਹਾਡੀ ਰਚਨਾਤਮਕਤਾ ਵਿੱਚ ਵਾਧਾ ਹੁੰਦਾ ਹੈ। ਇਹ ਤੁਹਾਡੇ ਦਿਮਾਗ ਨੂੰ ਨਵੇਂ ਵਿਚਾਰ ਪੈਦਾ ਕਰਨ ਵਿੱਚ ਮਦਦ ਕਰਦੀ ਹੈ।

**ਤਣਾਅ ਨੂੰ ਘਟਾਉਂਦੀ ਹੈ** -ਦਿਨ ਵੇਲੇ ਝਪਕੀ ਲੈਣ ਨਾਲ ਤਣਾਅ ਘੱਟ ਹੁੰਦਾ ਹੈ।

**ਮੂਡ ਵਿੱਚ ਸੁਧਾਰ** -ਦਿਨ ਵਿੱਚ ਇੱਕ ਝਪਕੀ ਲੈਣ ਨਾਲ ਤੁਹਾਡੇ ਮੂਡ ਵਿੱਚ ਸੁਧਾਰ ਹੁੰਦਾ ਹੈ। ਇਹ ਤੁਹਾਨੂੰ ਵਧੇਰੇ ਊਰਜਾਵਾਨ ਤੇ ਸਕਾਰਾਤਮਕ ਮਹਿਸੂਸ ਕਰਾਉਂਦੀ ਹੈ।

**ਸਿੱਖਣ ਦੀ ਸਮਰੱਥਾ ਵਿੱਚ ਸੁਧਾਰ** -ਦਿਨ ਵਿੱਚ ਇੱਕ ਝਪਕੀ ਲੈਣ ਨਾਲ ਤੁਹਾਡੀ ਸਿੱਖਣ ਦੀ ਸਮਰੱਥਾ ਵਿੱਚ ਸੁਧਾਰ ਹੁੰਦਾ ਹੈ। ਇਹ ਤੁਹਾਡੇ ਦਿਮਾਗ ਨੂੰ ਨਵੀਆਂ ਚੀਜ਼ਾਂ ਸਿੱਖਣ ਲਈ ਤਿਆਰ ਕਰਦੀ ਹੈ।

**ਸਰੀਰ ਲਈ ਕਿਵੇਂ ਹੈ ਫਾਇਦੇਮੰਦ**

**ਊਰਜਾ ਦਾ ਪੱਧਰ ਵਧਦਾ ਹੈ** - ਦਿਨ ਵੇਲੇ ਝਪਕੀ ਲੈਣ ਨਾਲ ਤੁਹਾਡਾ ਊਰਜਾ ਪੱਧਰ ਵਧਦਾ ਹੈ। ਇਹ ਬਿਨਾਂ ਥਕਾਵਟ ਮਹਿਸੂਸ ਕੀਤੇ ਦਿਨ ਭਰ ਕੰਮ ਕਰਨ ਵਿੱਚ ਤੁਹਾਡੀ ਮਦਦ ਕਰਦਾ ਹੈ।

ਇਮਿਊਨਿਟੀ ਵਧਦੀ ਹੈ-ਦਿਨ ਵੇਲੇ ਝਪਕੀ ਲੈਣ ਨਾਲ ਤੁਹਾਡੀ ਇਮਿਊਨਿਟੀ ਵਧਦੀ ਹੈ। ਇਹ ਤੁਹਾਨੂੰ ਬਿਮਾਰੀਆਂ ਤੋਂ ਬਚਾਉਣ ਵਿੱਚ ਮਦਦ ਕਰਦੀ ਹੈ।

**ਦਿਲ ਦੀ ਸਿਹਤ ਨੂੰ ਸੁਧਾਰਦਾ ਹੈ**-ਦਿਨ ਵੇਲੇ ਇੱਕ ਝਪਕੀ ਲੈਣ ਨਾਲ ਤੁਹਾਡੇ ਦਿਲ ਦੀ ਸਿਹਤ ਵਿੱਚ ਸੁਧਾਰ ਹੁੰਦਾ ਹੈ। ਇਹ ਤੁਹਾਡੇ ਬਲੱਡ ਪ੍ਰੈਸ਼ਰ ਨੂੰ ਘੱਟ ਕਰਨ ਵਿੱਚ ਮਦਦ ਕਰਦੀ ਹੈ।

**ਦਿਨ 'ਚ ਕਿੰਨੀ ਦੇਰ ਲੈਣੀ ਚਾਹੀਦੀ ਹੈ ਝਪਕੀ**

ਤੁਹਾਨੂੰ ਦਿਨ ਵਿੱਚ 20 ਤੋਂ 30 ਮਿੰਟ ਦੀ ਝਪਕੀ ਲੈਣੀ ਚਾਹੀਦੀ ਹੈ। ਜੇਕਰ ਤੁਸੀਂ ਇਸ ਤੋਂ ਜ਼ਿਆਦਾ ਸਮੇਂ ਤੱਕ ਸੌਂਦੇ ਹੋ ਤਾਂ ਤੁਸੀਂ ਜਾਗਣ ਤੋਂ ਬਾਅਦ ਥਕਾਵਟ ਮਹਿਸੂਸ ਕਰੋਗੇ।

# ਅੰਤਰਰਾਜੀ ਨਸ਼ਾ ਤਸਕਰੀ ਗਿਰੋਹ ਦਾ ਪਰਦਾਫਾਸ਼, 19 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਤਿੰਨ ਮੁਲਜ਼ਮ ਕਾਬੂ



ਗੁਰਦਾਸਪੁਰ , 01 ਦਸੰਬਰ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)- ਜ਼ਿਲ੍ਹਾ ਪੁਲਿਸ ਨੇ ਅੰਤਰਰਾਜੀ ਨਸ਼ਾ ਤਸਕਰ ਗਿਰੋਹ ਦਾ ਪਰਦਾਫਾਸ਼ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਥਾਣਾ ਦੀਨਾਨਗਰ ਦੀ ਪੁਲਿਸ ਨੇ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਕੇ 19 ਲੱਖ 81 ਹਜ਼ਾਰ 100 ਰੁਪਏ ਦੀ ਡਰੱਗ ਮਨੀ, 288 ਗ੍ਰਾਮ ਹੈਰੋਇਨ, 32 ਬੋਰ ਦਾ ਇਕ ਪਿਸਤੌਲ ਤੇ ਤਿੰਨ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ। ਗਿਰੋਹ ਦਾ ਸਰਗਨਾ ਕੈਨੇਡਾ 'ਚ ਬੈਠ ਕੇ ਤਸਕਰੀ ਦਾ ਗਿਰੋਹ ਚਲਾ ਰਿਹਾ ਸੀ। ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕਰਕੇ ਰਿਮਾਂਡ 'ਤੇ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਜੋ ਉਨ੍ਹਾਂ ਕੋਲੋਂ ਹੋਰ ਵੀ ਖੁਲਾਸੇ ਕੀਤੇ ਜਾ ਸਕਣ ਐੱਸਪੀ(ਡੀ) ਬਲਵਿੰਦਰ ਸਿੰਘ ਨੇ ਦੱਸਿਆ ਕਿ ਐੱਸਐੱਸਪੀ ਦਾਯਮਾ ਹਰੀਸ਼ ਕੁਮਾਰ ਦੀਆਂ ਹਦਾਇਤਾਂ 'ਤੇ ਜ਼ਿਲ੍ਹੇ ਵਿੱਚ ਨਸ਼ਾ ਤਸਕਰਾਂ ਖ਼ਲਾਫ਼ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਵਾਹਨਾਂ ਦੀ ਚੈਕਿੰਗ ਦੌਰਾਨ ਮੁਲਜ਼ਮ ਅਮਨਦੀਪ ਸਿੰਘ ਵਾਸੀ ਮੀਰਾ ਸਾਹਿਬ ਜ਼ਿਲ੍ਹਾ ਜੰਮੂ, ਅਵਨੀਤ ਸਿੰਘ ਉਰਫ਼ ਅਬੀ ਵਾਸੀ ਮੁਹੰਮਦ ਯਾਰ ਥਾਣਾ ਆਰਐੱਸ ਪੁਰਾ ਜੰਮੂ ਅਤੇ ਦਵਿੰਦਰ ਕੁਮਾਰ ਉਰਫ਼ ਰਾਹੁਲ ਵਾਸੀ ਚੱਕ ਮੁਹੰਮਦ ਜੰਮੂ, ਜੋ ਕਿ ਬਲੇਰੋ ਗੱਡੀ ਵਿੱਚ ਸਵਾਰ ਸਨ, ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕੀਤਾ ਡੀਐੱਸਪੀ ਨਾਰਕੋਟਿਕਸ ਅਜੈ ਕੁਮਾਰ ਦੀ ਹਾਜ਼ਰੀ ਵਿੱਚ ਗੱਡੀ ਦੀ ਤਲਾਸ਼ੀ ਲਈ ਗਈ ਤਾਂ ਉਸ ਵਿੱਚੋਂ 288 ਗ੍ਰਾਮ ਹੈਰੋਇਨ ਅਤੇ 16 ਲੱਖ 80 ਹਜ਼ਾਰ ਰੁਪਏ ਦੀ ਡਰੱਗ ਮਨੀ ਬਰਾਮਦ ਹੋਈ। ਮੁਲਜ਼ਮ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਸ਼ਕਤੀ ਕੁਮਾਰ ਵਾਸੀ ਨੌਗਰਾ ਬਿਸ਼ਨਾਹ ਜੰਮੂ ਹੈਰੋਇਨ ਦੀ ਤਸਕਰੀ ਦਾ ਧੰਦਾ ਕਰਦਾ ਹੈ। ਉਸ ਨੇ ਹੀ ਉਸ ਨੂੰ ਕਾਰ ਅਤੇ ਡਰੱਗ ਮਨੀ ਦੇ ਕੇ ਅੰਮ੍ਰਿਤਸਰ ਤੋਂ ਹੈਰੋਇਨ ਖਰੀਦਣ ਲਈ ਭੇਜਿਆ ਸੀ।



ROYAL SHIELD GROUP

# SUPER VISA INSURANCE

## EMERGENCY MEDICAL INSURANCE FOR

- STUDENTS
- WORK PERMIT HOLDERS
- VISITORS



## TEHAL SINGH BRAR

INSURANCE ADVISOR

**905-782-2013**

SAHAS BRAR

**416-660-6151**






## CHILD PLAN

Do you want to give a **Life Time Gift to your Child?** Call Now to set up this plan!

- A MAGICAL POLICY
- 20 Years To Pay!

# BRAMPTON CASH AND CARRY

| | |
|---|---|
| WHOLESALER | IMPORTER |
| DISTRIBUTOR | RETAILER |

**Wholesaler, Importer, Distributor & Retailer of Restaurants Supply**








BRAMPTON
CASH & CARRY

Brampton CashandCarry2023@gmail.com

**905-230-4800**

**100 Kennedy Road S., Brampton, ON L6W 3E7**